# ਡੀ.ਟੀ.ਐਫ. (ਲੁਧਿ.) ਦੇ ਸਾਬਕਾ ਸਕੱਤਰ ਮਾ. ਭਜਨ ਸਿੰਘ ਦੀ ਅਧਿਆਪਕ ਸੇਵਾਵਾਂ ਤੋਂ ਸ਼ਾਨਦਾਰ ਵਿਦਾਇਗੀ

31 ਅਗਸਤ ਨੂੰ ਮਾਸਟਰ ਭਜਨ ਸਿੰਘ 32 ਸਾਲਾਂ ਦੀਆਂ ਸੇਵਾਵਾਂ ਤੋ ਬਾਅਦ ਅਧਿਆਪਕ ਪੇਸ਼ੇ ਤੋਂ ਵਿਦਾ ਹੋਏ। ਮਾਸਟਰ ਭਜਨ ਸਿੰਘ ਅਧਿਆਪਕ ਹੁੰਦਿਆਂ ਹੋਇਆਂ ਨਾ ਸਿਰਫ਼ ਆਪਣੇ ਵਿਦਿਆਰਥੀਆਂ ਨੂੰ ਉਸਾਰੂ ਅਤੇ ਬੇਹਤਰ ਵਿੱਦਿਆ ਦੇਣ ਦੀਆਂ ਜੀ-ਤੋੜ ਕੋਸ਼ਿਸ਼ਾਂ ਵਿੱਚ ਰੁੱਝੇ ਰਹੇ ਸਗੋਂ ਉਹਨਾਂ ਅਧਿਆਪਕਾਂ ਦੇ ਹੱਕੀ ਸੰਘਰਸ਼ਾਂ ਦੌਰਾਨ ਬੇਹੱਦ ਮੁੱਲਵਾਨ ਆਗੂ ਭੂਮਿਕਾ ਨਿਭਾਈ। ਇਸ ਦੇ ਨਾਲ਼ ਹੀ ਉਹ ਸਮਾਜ ਦੇ ਹੋਰਨਾਂ ਕਿਰਤੀ ਜਮਾਤਾਂ ਦੇ ਹੱਕੀ ਸੰਘਰਸ਼ਾਂ ਨੂੰ ਹਰ ਸੰਭਵ ਸਹਿਯੋਗ ਦਿੰਦੇ ਰਹੇ।

ਪਹਿਲੀ ਅਗਸਤ ਨੂੰ ਲੁਧਿਆਣੇ ਵਿਖੇ ਹੋਏ ਬਹੁਤ ਹੀ ਸਾਦੇ ਵਿਦਾਇਗੀ ਸਮਾਗਮ ਦੌਰਾਨ ਡੈਮੋਕ੍ਰੇਟਿਕ ਟੀਚਰਜ਼ ਫਰੰਟ ਵਲੋਂ ਮਾਸਟਰ ਭਜਨ ਦੇ ਇਨਕਲਾਬੀ-ਜਮਹੂਰੀ ਲੋਕ-ਸੰਘਰਸ਼ਾਂ ਵਿੱਚ ਪਾਏ ਯੋਗਦਾਨ ਦਾ ਸ਼ਾਨਦਾਰ ਸਨਮਾਨ ਕੀਤਾ ਗਿਆ। ਜੱਥੇਬੰਦੀ ਵਲੋਂ ਵਿਦਾਇਗੀ ਸਮਾਗਮ 'ਚ ਮਾਸਟਰ ਭਜਨ ਦੇ ਚਹੇਤਿਆਂ ਦੇ ਭਰਵੇਂ ਇਕੱਠ ਦੌਰਾਨ ਪੇਸ਼ ਸਨਮਾਨ ਪੱਤਰ ਅਨੁਸਾਰ ਮਾਸਟਰ ਭਜਨ ਸਿੰਘ *"ਲੋਕ-ਪੱਖੀ ਸੰਘਰਸ਼ਾਂ ਦੀ ਬੁਲੰਦੀ ਦੀ ਤਾਂਘ ਦਾ ਜਗ-ਮਗਾਉਂਦਾ ਦੀਵਾ ਹੈ।"*

ਮਾਸਟਰ ਭਜਨ ਸਿੰਘ ਨੇ ਅਧਿਆਪਕ ਪੇਸ਼ੇ ਦੀ ਸ਼ੁਰੂਆਤ ਨਾਲ਼ ਹੀ ਇਨਕਲਾਬੀ-ਜਮਹੂਰੀ ਲਹਿਰ ਵਿੱਚ ਕਦਮ ਰੱਖਿਆ ਅਤੇ ਉਹ ਅੱਜ ਤੱਕ ਇਸ ਲਹਿਰ ਨਾਲ਼ ਡਟੇ ਹਨ। ਅਸੀਂ ਸਾਡੇ ਦਿਲ ਦੀਆਂ ਗਹਿਰਾਈਆਂ ਤੋਂ ਵਿਦਾਇਗੀ ਸਮਾਗਮ ਲਈ ਸੱਦਾ ਪੱਤਰ ਵਿੱਚ ਮਾਸਟਰ ਭਜਨ ਦੇ ਕਹੇ ਇਹਨਾਂ ਸ਼ਬਦਾਂ ਪ੍ਰਤੀ ਬਹੁਤ ਆਸਵੰਦ ਹਾਂ- *"ਮੈਂ ਇਨਕਲਾਬੀ ਵਿਚਾਰਧਾਰਾ ਦਾ ਵਿਦਿਆਰਥੀ ਰਿਹਾ ਹਾਂ। ਸਮਾਜ ਤੇ ਰਾਜ ਬਦਲੋ ਦੀ ਸਮਝਦਾਰੀ ਨਾਲ਼ ਇੱਕ ਰੂਪ ਹੋ ਚੁੱਕਾ ਹਾਂ। ਰਿਟਾਇਰਮੈਂਟ ਉਪਰੰਤ ਮੇਰਾ ਸਵੈ ਇਨਕਲਾਬੀ ਲਹਿਰ ਨੂੰ ਸਮਰਪਿਤ ਹੋਵੇਗਾ।..."*

ਅਦਾਰਾ 'ਲਲਕਾਰ' ਮਾਸਟਰ ਭਜਨ ਨੂੰ ਆਪਣੇ ਅਧਿਆਪਕ ਜੀਵਨ ਦੌਰਾਨ ਇਨਕਲਾਬੀ-ਜਮਹੂਰੀ ਲਹਿਰ ਅਤੇ ਵਿਦਿਆਰਥੀਆਂ ਦੀ ਸਿੱਖਿਆ ਪ੍ਰਤੀ ਸਮਰਪਨ ਦੀ ਭਾਵਨਾ ਨਾਲ਼ ਦਿੱਤੇ ਯੋਗਦਾਨ ਲਈ ਇਨਕਲਾਬੀ ਸਲਾਮ ਆਖਦਾ ਹੈ ਅਤੇ ਜੀਵਨ ਦੇ ਅਗਲੇ ਸਫ਼ਰ ਲਈ ਇਨਕਲਾਬੀ ਸ਼ੁਭਕਾਮਨਾਵਾਂ ਦਿੰਦਾ ਹੈ।